# PC–3901/ML

**U–21/2051**

ਪੰਜਾਬੀ ਲਾਜ਼ਮੀ (ਮੁੱਢਲਾ ਗਿਆਨ)–201

(Semester–II)

Time : Three Hours] [Maximum Marks : 75

ਭਾਗ–ੳ

I. (ੳ) ਦੋ ਅੱਖਰੀ ਸ਼ਬਦਾਂ ਦੇ ਸ਼ਬਦ-ਜੋੜ ਪਛਾਣੋ :

ਕਰ, ਭਰ, ਕਾਰਨ, ਜਲ, ਫ਼ਲ, ਮਰ।

(ਅ) ਤਿੰਨ ਅੱਖਰੀ ਸ਼ਬਦਾਂ ਦੇ ਸ਼ਬਦ-ਜੋੜ ਪਛਾਣੋ :

ਸਬਰ, ਕਲਮ, ਸ਼ਰਬਤ, ਸੜਕ, ਅਮਰ।

(ੲ) ਕੋਈ ਪੰਜ ਬਹੁ ਅੱਖਰੀ ਸ਼ਬਦਾਂ ਦੇ ਸ਼ਬਦ-ਜੋੜ ਲਿਖੋ। 15

II. ਹੇਠ ਲਿਖੇ ਵਾਕਾਂ ਵਿਚੋਂ ਕੋਈ ਦੋ-ਦੋ ਨਾਂਵ, ਪੜਨਾਂਵ, ਵਿਸ਼ੇਸ਼ਣ, ਪੁਲਿੰਗ, ਇਕਵਚਨ ਸ਼ਬਦਾਂ ਦੀ ਪਹਿਚਾਣ ਕਰੋ :

1. ਕਮਲ ਪੜ੍ਹਦੀ ਹੈ।
2. ਰਾਮ ਬਹੁਤ ਤੇਜ਼ ਕੰਮ ਕਰਦਾ ਹੈ।
3. ਪਟਿਆਲਾ ਬਹੁਤ ਸੁੰਦਰ ਸ਼ਹਿਰ ਹੈ।
4. ਮੈਂ ਖੇਡਦਾ ਹਾਂ।
5. ਉਹ ਲੜਦਾ ਹੈ। 10

ਭਾਗ–ਅ

III. (ੳ) ਹੇਠ ਲਿਖਿਆਂ ਵਿਚੋਂ ਅਗੇਤਰ, ਪਿਛੇਤਰ ਨਿਖੇੜੋ :

ਬੇਸ਼ਰਮ, ਤੁਰਨਾ, ਸਪੁੱਤਰ, ਖੇਡਣਾ।

(ਅ) ਹੇਠ ਲਿਖਿਆਂ ਵਿਚੋਂ ਵਾਕੰਸ਼ ਤੇ ਉਪਵਾਕ ਦੀ ਪਛਾਣ ਕਰੋ :

1. ਰਮਨ ਦੀ ਪਤਨੀ ਬਹੁਤ ਸੋਹਣੀ ਹੈ।
2. ਉਹ ਸਿਨੇਮਾ ਗਿਆ ਪਰ ਪੈਸੇ ਘਰ ਭੁੱਲ ਗਿਆ।

(ੲ) ਹੇਠ ਲਿਖੇ ਸ਼ਬਦਾਂ ਨੂੰ ਵਿਆਕਰਨਕ ਮੇਲ ਅਨੁਸਾਰ ਮੇਲੋ :

| | |
|---|---|
| 1. ਲਾਲ ਰੁਮਾਲ | 1. ਰਿਹਾ ਸੀ |
| 2. ਮੁੰਡਾ ਦੱਸ | 2. ਉੱਡਦਾ ਹੈ |
| 3. ਕੁੜੀ ਖੇਡਦੀ | 3. ਪਕਾਉਂਦੀ ਹੈ |
| 4. ਮਾਂ ਰੋਟੀ | 4. ਹੈ |

10

IV. ਹੇਠ ਲਿਖੇ ਵਾਕਾਂ ਵਿਚ ਸਹੀ ਵਿਸ਼ਰਾਮ ਚਿੰਨ੍ਹਾਂ ਦੀ ਵਰਤੋਂ ਕਰੋ :

1. ਵਾਹ ਮੈਂ ਪਾਸ ਹੋ ਗਿਆ
2. ਕੀ ਤੂੰ ਸ਼ਹਿਰ ਜਾਵੇਂਗਾ
3. ਹਾਏ ਕਿੰਨਾ ਸੋਹਣਾ ਫੁੱਲ ਹੈ
4. ਉਸਦੇ ਪਿਤਾ ਨੇ ਕਿਹਾ ਸਕੂਲ ਜਾਓ
5. ਮੈਂ ਰੋਟੀ ਸਬਜ਼ੀ ਤੇ ਮਿਠਾਈ ਖਾਧੀ 10

ਭਾਗ-ੲ

V. ਹੇਠ ਲਿਖੇ ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਲਾਜ਼ਮੀ ਹਨ :

1. ਕੋਈ ਚਾਰ ਦੋ ਅੱਖਰੀ ਸ਼ਬਦ ਲਿਖੋ।
2. ਕੋਈ ਦੋ ਤਿੰਨ ਅੱਖਰੀ ਸ਼ਬਦ ਲਿਖੋ।
3. 'ਮੁੰਡਾ' ਸ਼ਬਦ ਕਿਸ ਸ਼ਬਦ ਸ਼੍ਰੇਣੀ ਦਾ ਹੈ?

   (ਨਾਂਵ/ਪੜਨਾਂਵ)
4. 'ਉਹ'ਸ਼ਬਦ ਕਿਸ ਸ਼ਬਦ ਸ਼੍ਰੇਣੀ ਦਾ ਹੈ?

   (ਪੜਨਾਂਵ/ਵਿਸ਼ੇਸ਼ਣ)
5. ਵਿਸ਼ੇਸ਼ਣ ਸ਼ਬਦ ਚੁਣੋ :

   (ੳ) ਸੋਹਣਾ (ਅ) ਬੱਚਾ (ੲ) ਪੜ੍ਹਨਾ (ਸ) ਕੁੜੀ
6. ਕਿਰਿਆ ਸ਼ਬਦ ਚੁਣੋ :

   (ੳ) ਸਾਇਕਲ (ਅ) ਬੋਹੜ (ੲ) ਪੜ੍ਹਨਾ (ਸ) ਮੁੰਡਾ
7. ਕਿਰਿਆ ਵਿਸ਼ੇਸ਼ਣ ਸ਼ਬਦ ਚੁਣੋ :

   (ੳ) ਕਮਲ (ਅ) ਫੋਨ (ੲ) ਬਹੁਤ ਤੇਜ਼ (ਸ) ਬਾਲਟੀ
8. ਨਾਂਵ ਸ਼ਬਦ ਚਣੋ :

   (ੳ) ਕਮਲ (ਅ) ਪੜ੍ਹਨਾ (ੲ) ਤੁਰਨਾ (ਸ) ਸੁੱਟ
9. ਕੋਈ ਦੋ ਇਸਤਰੀ ਲਿੰਗ ਸ਼ਬਦ ਲਿਖੋ।
10. ਕੋਈ ਦੋ ਪੁਲਿੰਗ ਸ਼ਬਦ ਲਿਖੋ।
11. ਪੁਲਿੰਗ/ਇਸਤਰੀ ਲਿੰਗ ਸ਼ਬਦ ਚੁਣੋ :

    (ੳ) ਬਾਲਟੀ (ਅ) ਸੂਰਜ (ੲ) ਧਰਤੀ (ਸ) ਕਾਪੀ
12. ਹੇਠ ਲਿਖੇ ਸ਼ਬਦਾਂ ਦੇ ਬਹੁਵਚਨ ਬਣਾਓ :

    ਕਾਰ, ਰੋਟੀ।
13. ਹੇਠ ਲਿਖੇ ਸ਼ਬਦਾਂ ਦੇ ਇਕਵਚਨ ਬਣਾਓ :

    ਕਿਤਾਬਾਂ, ਚਾਦਰਾਂ।
14. ਹੇਠ ਲਿਖਿਆਂ ਵਿਚੋਂ ਭਵਿੱਖਵਾਚੀ ਸ਼ਬਦ ਕਿਹੜੇ ਹਨ?

    ਸਨ, ਹਨ, ਆਵੇਗਾ, ਜਾਵੇਗਾ।
15. ਹੇਠ ਲਿਖਿਆਂ ਵਿਚੋਂ ਭੂਤਕਾਲ ਸ਼ਬਦ ਕਿਹੜੇ ਹਨ?

    ਹੈ, ਸੀ, ਰਿਹਾ, ਸਨ।
16. ਹੇਠ ਲਿਖਿਆਂ ਵਿਚੋਂ ਵਰਤਮਾਨ ਕਾਲ ਸ਼ਬਦ ਕਿਹੜੇ ਹਨ?

    ਹੈ, ਸੀ, ਹਨ, ਸਨ।
17. 'ਬੇ' ਅਗੇਤਰ ਲਗਾ ਕੇ ਦੋ ਸ਼ਬਦ ਬਣਾਓ।
18. ਹੇਠ ਲਿਖਿਆਂ ਸ਼ਬਦਾਂ ਨਾਲ ਪਿਛੇਤਰ ਲਗਾਓ :

    ਸ਼ਕਤੀ, ਸੁੰਦਰ।
19. ਦੋ ਸਮਾਸੀ ਸ਼ਬਦ ਲਿਖੋ।
20. ਦੋ ਦੁਹਰੁਕਤੀ ਸ਼ਬਦ ਲਿਖੋ।
21. ਪੰਜਾਬੀ ਭਾਸ਼ਾ ਦੀ ਲਿਪੀ ਕਿਹੜੀ ਹੈ?

22. ਖਾਲੀ ਸਥਾਨ ਭਰੋ :
ਤ, ਥ, .........., ਧ, ..........

23. ਖਾਲੀ ਸਥਾਨ ਭਰੋ :
ਕ, ਖ, .........., ਘ, ..........

24. ਕੋਈ ਦੋ ਪ੍ਰਸ਼ਨਸੂਚਕ ਸ਼ਬਦ ਲਿਖੋ।

25. ਹੈਰਾਨੀਵਾਚਕ ਸ਼ਬਦ ਦੀ ਵਰਤੋਂ ਕਦੋਂ ਹੁੰਦੀ ਹੈ?

26. 'ਸ਼ਾਬਾਸ਼' ਤੇ 'ਬੱਲੇ-ਬੱਲੇ' ਸ਼ਬਦਾਂ ਦੀ ਵਰਤੋਂ ਨਾਲ ਦੋ ਵਾਕ ਬਣਾਓ।

27. ਹੈਰਾਨੀਵਾਚਕ ਚਿੰਨ੍ਹ ਲਿਖੋ।

28. ਸਵਾਲੀਆ ਚਿੰਨ੍ਹ ਲਿਖੋ।

29. ਹੇਠ ਲਿਖਿਆਂ ਵਿਚੋਂ ਨਾਂਵ ਵਾਕੰਸ਼ ਕਿਹੜਾ ਹੈ?
ਕਾਲਾ ਘੋੜਾ, ਤੇਜ਼ ਦੋੜਨਾ।

30. ਹੇਠ ਲਿਖਿਆਂ ਵਿਚੋਂ ਕਿਰਿਆ ਵਾਕੰਸ਼ ਕਿਹੜਾ ਹੈ?
ਸੋਹਣੀ ਕੁੜੀ, ਕਿਤਾਬ ਪੜ੍ਹਨਾ। $30\times1=30$

**3901/ML**